# PUNJABI (Compulsory)

**Time Allowed : 3 Hours** **Maximum Marks : 45**

## Unit–I

1. (ੳ) ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇੱਕ ਕਹਾਣੀ ਦਾ ਵਿਸ਼ਾ ਦੱਸ ਕੇ ਸਾਰ ਲਿਖੋ :

(i) ਬਾਗਾਂ ਦਾ ਰਾਖਾ

(ii) ਚੌਥੀ ਕੂਟ

(iii) ਚਿੱਟੀ ਕਬੂਤਰੀ ਦੀ ਤਸਵੀਰ 4+6=10

(ਅ) ਹੇਠ ਲਿਖੇ ਪਾਤਰਾਂ ਵਿਚੋਂ ਕਿਸੇ ਇੱਕ ਪਾਤਰ ਦੇ ਚਿਤਰਣ ਸੰਬੰਧੀ ਜਾਣਕਾਰੀ ਦਿਓ :

(i) ਮੇਜਰ ਸਾਹਿਬ (ਪਹੁਤਾ ਪਾਂਧੀ)

(ii) ਕਿਸ਼ਨਾ (ਘੋਟਣਾ)

(iii) ਨੰਨਾ ਨਾਥ (ਗੁੰਮਸ਼ੁਦਾ) 5

2. ਕੋਈ ਪੰਜ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਹੱਲ ਕਰੋ :

(i) ਪਹੁਤਾ ਪਾਂਧੀ ਕਹਾਣੀ ਵਿਚ 'ਪੇ-ਮਰਿਆ ਦੇ ਡੱਬੇ ਤੋਂ ਕੀ ਭਾਵ ਹੈ ?

(ii) ਬਾਰੂ ਦੀ ਮੌਤ ਦਾ ਕੌਣ ਜ਼ਿੰਮੇਵਾਰ ਸੀ?

(iii) ਕਰਮ ਸਿੰਘ ਨੇ ਪਾਨ ਸਿੰਘ ਨੂੰ ਛੁੱਟੀ ਜਾਣ ਸਮੇਂ ਕੀ ਕਿਹਾ ਸੀ?

(iv) ਚੱਟੂ ਕਹਾਣੀ ਵਿਚ ਕਿਸ ਵਿਸ਼ੇ ਨੂੰ ਪੇਸ਼ ਕੀਤਾ ਗਿਆ ਹੈ ?

(v) ਠੱਗੀ ਕਹਾਣੀ ਵਿੱਚ ਕਿਹੜੀ ਅਫ਼ਵਾਹ ਦੀ ਗੱਲ ਕੀਤੀ ਗਈ ਹੈ ?

(vi) ਪ੍ਰੋ. ਇੰਦਰਾ ਸੂਰੀ ਚਿੱਠੀ ਪ੍ਰਾਪਤ ਕਰਕੇ ਕਿਸ ਤਰ੍ਹਾਂ ਮਹਿਸੂਸ ਕਰਦੀ ਹੈ।

(vii) 'ਚੌਥੀ ਕੂਟ' ਕਿਸ ਨੂੰ ਤੇ ਕਿਉਂ ਕਿਹਾ ਗਿਆ ਹੈ?

(viii) 'ਖੂਹ-ਖਾਤੇ' ਕਹਾਣੀ ਦੇ ਸਿਰਲੇਖ ਤੋਂ ਕੀ ਭਾਵ ਹੈ? 5×1=5

3. ਕਾਲਜ ਵਿਚ ਔਰਤ ਦਿਵਸ ਦੇ ਸੰਬੰਧ ਵਿਚ ਕਰਵਾਏ ਜਾ ਰਹੇ ਸਮਾਗਮ ਸੰਬੰਧੀ ਨੋਟ ਲਿਖੋ।

ਜਾਂ

ਕਾਲਜ ਵਿਚ ਖ਼ੂਨਦਾਨ ਕੈਂਪ ਲਾਏ ਜਾਣ ਹਿੱਤ ਨੋਟ ਲਿਖੋ। 10

4. ਕੋਈ ਪੰਜ ਮੁਹਾਵਰਿਆਂ ਦੇ ਅਰਥ ਦੇ ਕੇ ਵਾਕ ਬਣਾਓ :

ਉੱਚਾ ਨੀਵਾਂ ਬੋਲਣਾ, ਅੱਖਾਂ ਵਿਚ ਰੜਕਣਾ, ਇੱਕ ਅੱਖ ਨਾਲ ਵੇਖਣਾ, ਸੋਹਿਲੇ ਗਾਉਣਾ, ਹੱਥ ਪੈਰ ਹਿਲਾਉਣੇ, ਛਾਉਣੀ ਪਾਉਣਾ, ਜੜੀਂ ਤੇਲ ਦੇਣਾ। 5

5. (ੳ) ਧੁਨੀ ਕਿਸ ਨੂੰ ਕਿਹਾ ਜਾਂਦਾ ਹੈ? ਖੰਡੀ ਤੇ ਅਖੰਡੀ ਧੁਨੀਆਂ ਬਾਰੇ ਸੰਖੇਪ ਜਾਣਕਾਰੀ ਦਿਉ।

ਜਾਂ

ਪੰਜਾਬੀ ਦੀਆਂ ਵਿਅੰਜਨ ਧੁਨੀਆ ਦੀ ਉਦਾਹਰਣ ਸਥਾਨ ਦੇ ਆਧਾਰ ਤੇ ਪਛਾਣ

https://questionpaperesult.com/

Scanned by CamScanner

ਕਰਵਾਉ।

(ਅ) ਕੋਈ ਦੋ ਪ੍ਰਸ਼ਨ ਹੱਲ ਕਰੋ :

(i) ਅ, ਆਂ, ਇ, ਈ, ਏ, ਐ, ਓ, ਔ ਵਿਚੋਂ ਲਘੂ ਤੇ ਦੀਰਘ ਸਵਰਾਂ ਦੀ ਵੰਡ ਕਰੋ।

(ii) ਉ, ਊ, ਈ, ਇ ਤੇ ਐ ਵਿਚੋਂ ਗੋਲ ਸਵਰਾਂ ਅਤੇ ਅਗੋਲ ਸਵਰਾਂ ਦੀ ਵੰਡ ਕਰੋ।

(iii) ਪੰਜਾਬੀ ਦੀਆਂ ਉਲਟ ਜੀਭੀ ਧੁਨੀਆਂ ਦੇ ਨਾਂ ਲਿਖੋ।

(iv) ਮ, ਨ, ਣ, ਙ ਧੁਨੀਆਂ ਨੂੰ ਕੀ ਨਾਂ ਦਿੱਤਾ ਗਿਆ ਹੈ? 6+4=10

https://questionpaperesult.com/

Scanned by CamScanner